Weekly

# CANADA SIKH TIMES

10 - 16 August 2025

ਕੈਨੇਡਾ ਸਿੱਖ ਟਾਈਮਜ਼

Volume 3 Issue 32



## ਮੰਜਿੰਦਰ ਕੌਰ ਨਾਗਰਾ: ਇੰਗਲੈਂਡ ਲਈ ਰਗਬੀ ਖੇਡਣ ਵਾਲੀ ਪਹਿਲੀ ਸਿੱਖ ਮਹਿਲਾ



ਮਨਜਿੰਦਰ ਕੌਰ ਨਾਗਰਾ ਨੇ ਉਦੋਂ ਇਤਿਹਾਸ ਰਚਿਆ, ਜਦੋਂ ਉਹ ਇੰਗਲੈਂਡ ਲਈ ਰਗਬੀ ਖੇਡਣ ਵਾਲੀ ਪਹਿਲੀ ਸਿੱਖ ਮਹਿਲਾ ਬਣੀ ਸੀ। ਤਿੰਨ ਦਹਾਕਿਆਂ ਤੋਂ ਵੱਧ ਦੇ ਰਗਬੀ ਤਜ਼ਰਬੇ ਨਾਲ, ਉਹ ਕਲੱਬ, ਕਾਊਂਟੀ ਅਤੇ ਦੇਸ਼ ਲਈ ਖੇਡ ਚੁੱਕੀ ਹੈ ਅਤੇ ਅੱਜ ਵੀ ਕੋਚ, ਰੈਫਰੀ ਅਤੇ ਮੈਂਟਰ ਵਜੋਂ ਖੇਡ ਨਾਲ ਜੁੜੀ ਹੋਈ ਹੈ। 2015 ਵਿੱਚ ਸਮੇਂ ਦੀ ਲੋੜ ਨੂੰ ਸਮਝਦਿਆਂ, ਉਸਨੇ “ਹੋਵ ਗਰਲਜ਼ ਰਗਬੀ” ਦੀ ਸਥਾਪਨਾ ਕੀਤੀ, ਜੋ ਨੌਜਵਾਨ ਕੁੜੀਆਂ ਨੂੰ ਵਿਸ਼ਵਾਸ, ਨੇਤ੍ਰਿਤਵ ਅਤੇ ਹਿੰਮਤ ਸਿਖਾਉਣ ਲਈ ਇਕ ਸੁਰੱਖਿਅਤ ਅਤੇ ਪ੍ਰੇਰਣਾਦਾਇਕ ਮੰਚ ਮੁਹੱਈਆ ਕਰਦੀ ਹੈ ਅਤੇ ਜਿਸ ਅਧੀਨ ਹੁਣ ਤਕ ਚਾਰ ਸਫਲ ਟੀਮਾਂ ਹੋਂਦ ਵਿਚ ਆ ਚੁੱਕੀਆਂ ਹਨ। ਮਨਜਿੰਦਰ ਕੌਰ ਵੱਖ-ਵੱਖ ਖੇਡਾਂ ਦੇ ਡਿਸਪਲਿਨਰੀ ਪੈਨਲਾਂ ’ਚ ਨਿਯੁਕਤ ਹੈ। ਖੇਡਾਂ ਦੇ ਨਾਲ-ਨਾਲ ਮਨਜਿੰਦਰ ਕੌਰ ਇੱਕ ਮੰਨੀ ਹੋਈ ਸਾਲਿਸਟਰ ਹੈ ਜੋ ਕਾਨੂੰਨੀ ਪੇਸ਼ੇ ਵਿੱਚ ਵੀ ਮੁਹਾਰਤ ਰੱਖਦੀ ਹੈ। 2024 ਵਿੱਚ, ਸੋਸਾਇਟੀ ਆਫ ਏਸ਼ੀਅਨ ਲਾਇਰਜ਼ ਵੱਲੋਂ ਉਸਨੂੰ “ਕਮਰਸ਼ੀਅਲ ਅਤੇ ਕਾਰਪੋਰੇਟ ਲਾਇਰ ਆਫ ਦ ਯੀਅਰ” ਦਾ ਖ਼ਿਤਾਬ ਮਿਲਿਆ।

## The Turbaned Microsoft Engineer Who Invented VPN Technology



Gurdeep Singh Pall, born in Chandigarh, is a pioneering engineer and former senior Microsoft executive credited with co-authoring the technology that led to the creation of Virtual Private Networks (VPNs) in 1996. At a time when secure internet communication was still in its infancy, Pall's work revolutionized data privacy and remote connectivity, enabling safe and encrypted access across the globe. His contributions at Microsoft spanned over two decades, influencing products and innovations that shaped the tech industry. A proud Sikh professional, Pall's journey from India to becoming a key figure in one of the world's largest tech companies remains a source of inspiration for aspiring engineers worldwide. His achievements highlight the power of innovation, determination, and cultural pride in global technology leadership.

## Tribute Ceremony in Italy Honours Sikh Soldiers Martyred in WWII



The 81st martyrdom anniversary of Sikh soldiers was commemorated in the city of Florence, Italy. The event was organised by the World Sikh Shaheed Military Memorial Committee (Regd.) Italy, in collaboration with the Municipality of Florence and the local Sikh community. In 1944, Sikh soldiers had liberated the Tuscan city of Florence from Hitler's army and handed it back to Italy. The commemoration began with the collective recitation of Sri Sukhmani Sahib, followed by an *Ardas* (prayer) by Bhai Gurjant Singh. Members of the Florence administration, the World Sikh Shaheed Military Memorial Committee, and the congregations of Florence and Arezzo jointly paid floral tributes to the martyrs. The Florence Sikh community served Guru ka Langar to visitors from outside the city. On the other hand, on 11 August, the Municipality of Florence celebrated its own 81st Independence Day. Mayor Sara Funaro expressed her gratitude to the Committee during her address, saying she was delighted that Sikhs participated in their Independence Day celebrations.

DESH VIDESH

# An Appeal to the Sikh Intelligentsia Harnessing Artificial Intelligence for the Preservation and Promotion of Sikh Heritage


I write as a concerned member of the global Sikh community, moved by recent developments where Sikh institutions have rightly taken strong steps to challenge misrepresentation of Gurbani, Sikh history, and sacred imagery by certain Artificial Intelligence (AI) platforms. This vigilance is both commendable and necessary to protect the sanctity of our faith.

Yet, the same technological forces—when guided by Panth-approved principles—can also serve as powerful allies in safeguarding, teaching, and globally sharing Sikh heritage. If embraced with wisdom, AI can become a sevak of Gurmat, not its adversary.

Rather than only reacting to misuse, the Sikh intelligentsia—our scholars, technologists, educators, and institutions—have an opportunity to lead proactively. By designing and governing AI tools ourselves, we can ensure they reflect the true spirit of Gurbani and Sikh history.

I humbly present the following ideas for collective reflection and action:

1. Digitisation & Preservation of Sikh Manuscripts: Develop AI-powered Optical Character Recognition (OCR) for Gurmukhi, Persian, and Braj Bhasha to digitise rare pothis, manuscripts, and teekas.
   Create a secure, centralised digital archive accessible to scholars and the Sangat worldwide.
2. Panth-Approved Gurbani Translation & Search Tools : Train AI models with SGPC-approved Gurbani translations in English, Hindi, and other languages.
   Implement intelligent search by meaning—not only by word—to help youth connect with the Shabad's essence.
3. Sikh History & Education Platforms : Launch AI-driven interactive history timelines and virtual heritage tours of Sri Harmandir Sahib,




   Anandpur Sahib, and historic gurdwaras in India and Pakistan.
   Develop an AI-based Sikh children's learning companion for authenticated sakhi storytelling.
4. Authentic Sikh Knowledge Database : Establish a central AI knowledge base verified by Panthic scholars, from which global platforms can source correct Sikh information.
5. Inclusion & Accessibility : Create AI-powered Gurbani tools for the deaf (sign language) and visually impaired (voice-to-text search).
6. Anti-Misinformation Monitoring : Build AI tools to detect and flag online distortions in Gurbani, Sikh history, or maryada.

These initiatives would not only protect Sikh maryada but also project the eternal wisdom of Sri Guru Granth Sahib Ji to the world in an accurate, dignified, and inspiring manner.


The Sikh intelligentsia has the knowledge, credibility, and responsibility to lead this mission. By embracing AI with both vigilance and vision, we can ensure that future generations encounter Gurbani and Sikh history untainted, undistorted, and universally accessible.

May Waheguru bless this endeavour for the Chardi Kala of the Khalsa Panth.

In humble service,
Harjinder Singh

# HERITAGE

## ਕੇਂਦਰ ਸਰਕਾਰ ਨੇ ਪੰਜਾਬ ਲਈ 4 ਵੱਡੇ ਪ੍ਰਾਜੈਕਟਾਂ ਨੂੰ ਦਿੱਤੀ ਮਨਜ਼ੂਰੀ



ਹੁਣ ਪੰਜਾਬ ਵਿੱਚ ਹਾਈ ਪਾਵਰ ਡਿਸਕ੍ਰਿਟ ਸੈਮੀਕੰਡਕਟਰਾਂ ਦਾ ਨਿਰਮਾਣ ਜਲਦੀ ਹੀ ਸ਼ੁਰੂ ਹੋਵੇਗਾ। ਮੋਹਾਲੀ ਸਥਿਤ ਕਾਂਟੀਨੈਂਟਲ ਡਿਵਾਈਸ ਇੰਡੀਆ ਪ੍ਰਾਈਵੇਟ ਲਿਮਟਿਡ (CDIL) ਵਿਖੇ ਡਿਸਕ੍ਰਿਟ ਸੈਮੀਕੰਡਕਟਰ ਨਿਰਮਾਣ ਸਹੂਲਤ ਦਾ ਵਿਸਤਾਰ ਕੀਤਾ ਜਾਵੇਗਾ। ਇਸ ਲਈ, ਕੇਂਦਰ ਸਰਕਾਰ ਵਿੱਤੀ ਸਹਾਇਤਾ ਪ੍ਰਦਾਨ ਕਰੇਗੀ। ਕੇਂਦਰ ਸਰਕਾਰ ਨੇ ਮੰਗਲਵਾਰ ਨੂੰ ਇੰਡੀਆ ਸੈਮੀਕੰਡਕਟਰ ਮਿਸ਼ਨ (ISM) ਦੇ ਤਹਿਤ ਚਾਰ ਸੈਮੀਕੰਡਕਟਰ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ। ਇਨ੍ਹਾਂ ਵਿੱਚੋਂ ਇੱਕ ਪ੍ਰੋਜੈਕਟ ਮੋਹਾਲੀ, ਪੰਜਾਬ ਵਿੱਚ ਸਥਿਤ CDIL ਲਈ ਵੀ ਹੈ। ਇਸ ਪ੍ਰਸਤਾਵਿਤ ਪ੍ਰੋਜੈਕਟ ਦੇ ਤਹਿਤ, MOSFET, IGBT, Schottky ਬਾਈਪਾਸ ਡਾਇਓਡ ਅਤੇ ਟਰਾਂਜ਼ਿਸਟਰ ਵਰਗੇ ਹਾਈ ਪਾਵਰ ਡਿਸਕ੍ਰਿਟ ਸੈਮੀਕੰਡਕਟਰ ਡਿਵਾਈਸਾਂ ਹੁਣ ਇੱਥੇ ਸਿਲੀਕਾਨ ਅਤੇ ਸਿਲੀਕਾਨ ਕਾਰਬਾਈਡ ਦੋਵਾਂ ਵਿੱਚ ਤਿਆਰ ਕੀਤੀਆਂ ਜਾਣਗੀਆਂ। ਨਿਰਮਾਣ ਦੀ ਸਾਲਾਨਾ ਸਮਰੱਥਾ 15 ਕਰੋੜ ਯੂਨਿਟ ਤੋਂ ਵੱਧ ਹੋਵੇਗੀ। ਇਨ੍ਹਾਂ ਪ੍ਰਸਤਾਵਿਤ ਯੂਨਿਟਾਂ ਦੁਆਰਾ ਨਿਰਮਿਤ ਡਿਵਾਈਸਾਂ ਦੀ ਵਰਤੋਂ ਆਟੋਮੋਟਿਵ ਇਲੈਕਟ੍ਰਾਨਿਕਸ, ਜਿਵੇਂ ਕਿ ਇਲੈਕਟ੍ਰਿਕ ਵਾਹਨਾਂ ਅਤੇ ਉਨ੍ਹਾਂ ਦੇ ਚਾਰਜਿੰਗ ਬੁਨਿਆਦੀ ਢਾਂਚੇ, ਨਵਿਆਉਣਯੋਗ ਊਰਜਾ ਪ੍ਰਣਾਲੀਆਂ, ਪਾਵਰ ਪਰਿਵਰਤਨ ਐਪਲੀਕੇਸ਼ਨਾਂ, ਉਦਯੋਗਿਕ ਐਪਲੀਕੇਸ਼ਨਾਂ ਅਤੇ ਸੰਚਾਰ ਬੁਨਿਆਦੀ ਢਾਂਚੇ ਵਿੱਚ ਕੀਤੀ ਜਾਵੇਗੀ।

## ਮਿਲਾਵਟੀ ਖਾਣਾ: ਪੰਜਾਬ ’ਚ 18% ਨਮੂਨੇ ਫੇਲ੍ਹ



ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਦੀ ਰਿਪੋਰਟ ਮੁਤਾਬਕ, 2021-22 ਤੋਂ 2024-25 ਤੱਕ ਪੰਜਾਬ ਵਿੱਚ 18% ਭੋਜਨ ਨਮੂਨੇ ਫੇਲ੍ਹ ਪਾਏ ਗਏ। ਚਾਰ ਸਾਲਾਂ ਵਿੱਚ ਲਏ ਗਏ 22,616 ਨਮੂਨਿਆਂ ਵਿੱਚੋਂ 4,070 ਵਿੱਚ ਮਿਲਾਵਟ ਮਿਲੀ। 2024-25 ਵਿੱਚ ਇਹ ਦਰ 22% ਤੱਕ ਪਹੁੰਚ ਗਈ। ਸਭ ਤੋਂ ਵੱਧ ਮਿਲਾਵਟ ਪਨੀਰ (43% ਫੇਲ੍ਹ) ਅਤੇ ਦੇਸੀ ਘਿਓ (15.78% ਫੇਲ੍ਹ) ਵਿੱਚ ਪਾਈ ਗਈ, ਜਿਨ੍ਹਾਂ ਵਿੱਚੋਂ ਕਈ ਨਮੂਨੇ ਸਿਹਤ ਲਈ ਅਸੁਰੱਖਿਅਤ ਸਾਬਤ ਹੋਏ। ਮਸਾਲਿਆਂ ਤੇ ਫਲਾਂ ਵਿੱਚ ਵੀ ਖਤਰਨਾਕ ਰਸਾਇਣ ਵਰਤੇ ਗਏ। ਮਿਲਾਵਟੀ ਖਾਣਾ ਕੈਂਸਰ, ਜਿਗਰ, ਗੁਰਦੇ ਅਤੇ ਦਿਲ ਦੀਆਂ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਪਟਿਆਲਾ ਵਿੱਚ ਹਰਿਆਣਾ ਤੋਂ ਆ ਰਹੇ ਨਕਲੀ ਪਨੀਰ ਦੇ ਦੋ ਵੱਡੇ ਟਰੱਕ ਫੜੇ ਗਏ। ਇਸ ਤੋਂ ਇਲਾਵਾ, ਨਕਲੀ ਘਿਓ, ਸੜੇ ਫਲ-ਸਬਜ਼ੀਆਂ ਬਰਾਮਦ ਕਰਕੇ ਨਸ਼ਟ ਕੀਤੀਆਂ ਗਈਆਂ। ਵੱਖ-ਵੱਖ ਮਾਮਲਿਆਂ ਵਿੱਚ 5.35 ਲੱਖ ਰੁਪਏ ਜੁਰਮਾਨਾ ਵੀ ਲਗਾਇਆ ਗਿਆ।

## ‘Sarbat Da Bhala Trust’ to Establish Free University in Anandpur Sahib

The Sarbat Da Bhala Trust, led by Dubai-based philanthropist Dr. S.P. Singh Oberoi, has announced plans to establish a university in Sri Anandpur Sahib, the birthplace of the Khalsa. Speaking at a press conference in Surrey, Canada, Dr. Oberoi revealed that the university will offer free higher education up to Ph.D. level for needy students, along with short-term and online courses. Land for the project has already been purchased, and facilities will include free hostel accommodation and meals for students. Since 2009, the Trust has been selecting around 1,300 students annually for free higher education, benefiting nearly 11,000 so far. Dr. Oberoi also highlighted the Trust’s humanitarian work, which includes saving over 100 Indians from the death penalty abroad and repatriating the bodies of deceased Indians from foreign countries.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. Which major disease is mentioned in this Pauri of Anand Sahib Bani- ਜੀਅਹੁ ਮੈਲੇ ਬਾਹਰਹੁ ਨਿਰਮਲ?**
**‘ਅਨੰਦ ਸਾਹਿਬ’ ਬਾਣੀ ਦੀ “ਜੀਅਹੁ ਮੈਲੇ ਬਾਹਰਹੁ ਨਿਰਮਲ” ਵਾਲੀ ਪਉੜੀ ਵਿਚ ਕਿਸ ਵੱਡੇ ਰੋਗ ਦਾ ਜ਼ਿਕਰ ਕੀਤਾ ਗਿਆ ਹੈ ?**

A. Condemnation (ਨਿੰਦਾ)
B. Desire (ਤ੍ਰਿਸ਼ਨਾ)
C. Ego (ਹਉਮੈ)
D. Jealousy (ਈਰਖਾ)

**2. Where was Guru Ramdas Sahib Ji born?**
**ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ ਕਿੱਥੇ ਹੋਇਆ?**

A. Kartarpur, Pakistan (ਕਰਤਾਰਪੁਰ, ਪਾਕਿਸਤਾਨ)
B. Amritsar, India (ਅੰਮ੍ਰਿਤਸਰ, ਇੰਡੀਆ)
C. Lahore, Pakistan (ਲਾਹੌਰ, ਪਾਕਿਸਤਾਨ)
D. Goindwal Sahib, India (ਗੋਇੰਦਵਾਲ ਸਾਹਿਬ, ਇੰਡੀਆ)

**3. What is the meaning of highlighted word in the following Gurbani verse?**
**ਗੁਰਬਾਣੀ ਦੀ ਹੇਠ ਲਿਖੀ ਤੁਕ ਵਿਚ ਉਜਾਗਰ ਹੋਏ ਸ਼ਬਦ ਦਾ ਕੀ ਅਰਥ ਹੈ?**
**ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥**

A. Sin (ਪਾਪ)
B. Pain (ਦੁੱਖ)
C. Ego (ਅਹੰਕਾਰ)
D. Way (ਵਸੀਲਾ)

(ਦੇਖੋ ਉੱਤਰ ਪੰਨਾ 4 ’ਤੇ)

# ਯੂ.ਕੇ. 'ਚੋਂ ਵੀ ਮੁੱਕਿਆ ਸੈਂਕੜੇ ਪੰਜਾਬੀਆਂ ਦਾ ਦਾਣਾ-ਪਾਣੀ



ਅਮਰੀਕਾ ਤੋਂ ਬਾਅਦ ਯੂ.ਕੇ. ਵਿਚੋਂ ਵੀ ਸੈਂਕੜੇ ਭਾਰਤੀਆਂ ਦਾ ਦਾਣਾ-ਪਾਣੀ ਮੁੱਕ ਗਿਆ ਜਿਨ੍ਹਾਂ ਨੂੰ ਫੜ ਕੇ ਡਿਪੋਰਟ ਕੀਤਾ ਜਾ ਰਿਹਾ ਹੈ। ਯੂ.ਕੇ. ਦੀਆਂ ਇੰਮੀਗ੍ਰੇਸ਼ਨ ਐਨਫ਼ੋਰਸਮੈਂਟ ਟੀਮਾਂ ਨੇ ਵੱਖ ਵੱਖ ਥਾਵਾਂ 'ਤੇ ਛਾਪੇ ਮਾਰਦਿਆਂ 1,780 ਪ੍ਰਵਾਸੀਆਂ ਨੂੰ ਘੇਰਿਆ ਜਿਨ੍ਹਾਂ ਵਿਚੋਂ 280 ਅਣਅਧਿਕਾਰਤ ਤੌਰ 'ਤੇ ਕੰਮ ਕਰ ਰਹੇ ਸਨ। ਗ੍ਰਹਿ ਵਿਭਾਗ ਦੇ ਅੰਕੜਿਆਂ ਮੁਤਾਬਕ ਗੈਰਕਾਨੂੰਨੀ ਤਰੀਕੇ ਨਾਲ ਕੰਮ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਵੈਸਟ ਲੰਡਨ ਦੇ ਹਿਲੰਗਡਨ ਇਲਾਕੇ ਵਿਚ ਛਾਪੇ ਦੌਰਾਨ ਸੱਤ ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਰਿਪੋਰਟ ਹੈ ਅਤੇ ਇਸੇ ਤਰੀਕੇ ਨਾਲ ਹੋਰਨਾਂ ਥਾਵਾਂ 'ਤੇ ਵੀ ਗ੍ਰਿਫ਼ਤਾਰੀਆਂ ਹੋਈਆਂ।

ਉਧਰ ਯੂ.ਕੇ. ਦੀ ਬਾਰਡਰ ਸੁਰੱਖਿਆ ਅਤੇ ਅਸਾਇਲਮ ਮਾਮਲਿਆਂ ਬਾਰੇ ਮੰਤਰੀ ਡੇਮ ਐਂਜਲਾ ਈਗਲ ਨੇ ਕਿਹਾ ਕਿ ਗੈਰਕਾਨੂੰਨੀ ਤਰੀਕੇ ਨਾਲ ਮੁਲਕ ਵਿਚ ਕੰਮ ਰਹੇ ਪ੍ਰਵਾਸੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਜਿਹੜੇ ਲੋਕ ਸੋਚਦੇ ਹਨ ਕਿ ਇੰਮੀਗ੍ਰੇਸ਼ਨ ਛਾਪਿਆਂ ਤੋਂ ਬਚ ਜਾਣਗੇ ਤਾਂ ਉਹ ਕਿਸੇ ਗਲਤਫਹਿਮੀ ਵਿਚ ਹਨ। ਅਪ੍ਰੇਸ਼ਨ ਇਕੁਅਲਾਈਜ਼ ਅਧੀਨ ਕੀਤੀ ਗਈ ਕਾਰਵਾਈ ਮਗਰੋਂ ਯੂ.ਕੇ. ਦੇ ਗ੍ਰਹਿ ਵਿਭਾਗ ਨੇ ਕਿਹਾ ਕਿ 53 ਜਣਿਆਂ ਦੀਆਂ ਅਸਾਇਲਮ ਅਰਜ਼ੀਆਂ ਰੱਦ ਕੀਤੀਆਂ ਜਾ ਰਹੀਆਂ ਹਨ ਅਤੇ ਇਹ ਕਤਾਰ ਲਗਾਤਾਰ ਲੰਮੀ ਹੋ ਸਕਦੀ ਹੈ। ਸਿਰਫ਼ ਐਨਾ ਹੀ ਨਹੀਂ ਇੰਮੀਗ੍ਰੇਸ਼ਨ ਧੋਖਾਧੜੀ ਰਾਹੀਂ ਫੂਡ ਡਿਲੀਵਰੀ ਕਰਦਿਆਂ ਫੜੇ ਗਏ ਪ੍ਰਵਾਸੀਆਂ ਨੂੰ ਸਿੱਧੇ ਤੌਰ 'ਤੇ ਡਿਪੋਰਟ ਕਰ ਦਿਤਾ ਜਾਵੇਗਾ। ਇਥੇ ਦਸਣਾ ਬਣਦਾ ਹੈ ਕਿ ਡੌਨਲਡ ਟਰੰਪ ਵੱਲੋਂ ਇੰਮੀਗ੍ਰੇਸ਼ਨ ਛਾਪਿਆਂ ਲਈ ਵਾਧੂ ਫੰਡਜ਼ ਦਿਤੇ ਜਾਣ ਦੀ ਤਰਜ਼ 'ਤੇ ਯੂ.ਕੇ. ਦੀਆਂ ਇੰਮੀਗ੍ਰੇਸ਼ਨ ਐਨਫੋਰਸਮੈਂਟ ਟੀਮਾਂ ਨੂੰ 5 ਮਿਲੀਅਨ ਪਾਊਂਡ ਦੀ ਵਾਧੂ ਆਰਥਿਕ ਸਹਾਇਤਾ ਮੁਹੱਈਆ ਕਰਵਾਈ ਗਈ ਹੈ। ਯੂ.ਕੇ. ਦੇ ਗ੍ਰਹਿ ਵਿਭਾਗ ਵਿਚ ਡਾਇਰੈਕਟਰ ਐਨਫ਼ੋਰਸਮੈਂਟ ਐਡੀ ਮੌਂਟਗੌਮਰੀ ਦਾ ਕਹਿਣਾ ਸੀ ਕਿ ਮੁਲਕ ਵਿਚ ਗੈਰਕਾਨੂੰਨੀ ਤੌਰ 'ਤੇ ਮੌਜੂਦ ਲੋਕਾਂ ਵਿਰੁੱਧ ਕਾਰਵਾਈ ਤੇਜ਼ ਕੀਤੀ ਗਈ ਹੈ ਅਤੇ ਵਿਭਾਗ ਦੀਆਂ ਟੀਮਾਂ 24 ਘੰਟੇ ਛਾਪੇ ਮਾਰਨ ਦਾ ਕੰਮ ਕਰ ਰਹੀਆਂ ਹਨ। ਇਸ ਕੰਮ ਵਿਚ ਪੁਲਿਸ ਤੋਂ ਵੀ ਸਹਿਯੋਗ ਮਿਲ ਰਿਹਾ ਹੈ ਅਤੇ ਇਕ ਹਫ਼ਤੇ ਦੌਰਾਨ 71 ਗੱਡੀਆਂ ਜ਼ਬਤ ਕੀਤੀਆਂ ਗਈਆਂ। ਨਾਜਾਇਜ਼ ਪ੍ਰਵਾਸ ਸਿਰਫ਼ ਯੂ.ਕੇ. ਹੀ ਨਹੀਂ ਪੂਰੇ ਯੂਰਪ ਵਿਚ ਵੱਡਾ ਮਸਲਾ ਬਣ ਚੁੱਕਾ ਹੈ ਅਤੇ ਗੈਰਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਵਾਲਿਆਂ ਨਾਲ ਸਖ਼ਤੀ ਲਾਜ਼ਮੀ ਹੋ ਚੁੱਕੀ ਹੈ। ਦੱਸ ਦੇਈਏ ਕਿ ਯੂ.ਕੇ. ਸਰਕਾਰ ਵੱਲੋਂ ਕਿਸ਼ਤੀਆਂ ਰਾਹੀਂ ਆਉਣ ਵਾਲੇ ਪ੍ਰਵਾਸੀਆਂ ਨੂੰ ਫਰਾਂਸ ਵਾਪਸ ਭੇਜਣ ਦਾ ਸਿਲਸਿਲਾ ਵੀ ਸ਼ੁਰੂ ਕੀਤਾ ਜਾ ਚੁੱਕਾ ਹੈ। ਯੂ.ਕੇ. ਦੇ ਪ੍ਰਧਾਨ ਮੰਤਰੀ ਕਿਅਰ ਸਟਾਰਮਰ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਵੱਲੋਂ 'ਵੰਨ ਇਨ-ਵੰਨ ਆਊਟ' ਪਾਇਲਟ ਪ੍ਰੋਗਰਾਮ ਆਰੰਭਿਆ ਗਿਆ ਹੈ।






## SIKH MATRIMONIALS

Gursikhgirl26/5'/Philosophy(H)DU,DiplomaGeorge Brown College, Toronto/ Working /Family got PR in 2022 settled Vancouver/ Contact+91 9810196404

Required Canadian Born Sikh match for Gursikh girl 29/5'4" in Govt job at Ottwa. No cast bar, Boy should be Turbaned ND/NT. Contact +1613 330 6319.

Gursikh Boy 32/5'7"/ BTech/Post Graduate from Niagara College/ Working as Engineer in Windsor, Canada. Contact father +91-9417177476

Gursikh Boy 29/5'8"/ Working in EY,UK/52K GBP/ Masters in Actuarial Management from City Univ. Of London. Contact 9810197878

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. B 2. C 3. B

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555